Share Payment Amount

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਮਾਨਸਾ

ਵੱਲ:

ਸਮੂਹ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲਾਂ ਦੇ ਮੁੱਖੀ
ਜਿਲ੍ਹਾ ਮਾਨਸਾ।

ਪੱਤਰ ਨੰ. ਲੇ-4/ਵਜੀਫਾ/2022 106055
ਮਿਤੀ ਮਾਨਸਾ 04.05.2022

ਵਿਸ਼ਾ : ਵਿਦਿਆਰਥੀਆਂ ਦੇ ਬੈਂਕ ਖਾਤੇ ਅਤੇ ਆਧਾਰ ਕਾਰਡ ਅਪਡੇਟ ਕਰਨ/ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਲ੍ਹਾ ਮਾਨਸਾ ਦੇ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੈਸ਼ਨ 2022-23 ਵਿੱਚ ਆਪਣੇ ਆਪਣੇ ਸਕੂਲਾਂ ਦੇ ਈ ਪੰਜਾਬ ਪੋਰਟਲ ਤੇ ਵਿਦਿਆਰਥੀਆਂ ਦੇ ਬੈਂਕ ਖਾਤੇ/ ਆਈ.ਐਫ.ਐਸ.ਸੀ /ਮੋਬਾਇਲ ਨੰ. ਅਤੇ ਆਧਾਰ ਨੰ. ਬਿਨ੍ਹਾਂ ਕਿਸੇ ਦੇਰੀ ਦੇ ਅਪਡੇਟ ਕੀਤੇ ਜਾਣ। ਇਹ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਵਿਦਿਆਰਥੀ ਸਕੇ ਭੈਣ ਭਰਾ ਹਨ ਉਹਨਾਂ ਦਾ ਬੈਂਕ ਖਾਤਾ ਵੱਖਰਾ ਵੱਖਰਾ ਹੀ ਖੁਲਵਾ ਕੇ ਦਰਜ ਕੀਤਾ ਜਾਵੇ, ਦੋ ਜਾਂ ਇਸ ਤੋਂ ਵੱਧ ਵਿਦਿਆਰਥੀਆਂ ਦਾ ਇੱਕ ਬੈਂਕ ਖਾਤਾ ਈਪੰਜਾਬ ਪੋਰਟਲ ਤੇ ਦਰਜ ਨਾ ਕੀਤਾ ਜਾਵੇ।

ਸਭ ਤੋਂ ਜਰੂਰੀ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਹਰ ਵਿਦਿਆਰਥੀ ਦਾ ਆਧਾਰ ਨੰ. ਬੈਂਕ ਖਾਤੇ ਨਾਲ ਜੋੜਿਆ ਜਾਣਾ ਜਰੂਰੀ ਹੈ ਤਾਂ ਜੋ ਬੈਂਕ ਖਾਤੇ ਵਿੱਚ ਸਮੱਸਿਆ ਹੋਣ ਤੇ ਆਧਾਰ ਨੰ. ਰਾਹੀ ਪੇਮੈਂਟ ਦੀ ਅਦਾਇਗੀ ਕੀਤੀ ਜਾ ਸਕੇ। ਜਿਕਰਯੋਗ ਹੈ ਕਿ ਨਵੇਂ ਪੀਐਫਐਮਐਸ ਪੋਰਟਲ ਰਾਹੀਂ ਵਜੀਫੇ ਦੀ ਅਦਾਇਗੀ ਬੈਂਕ ਖਾਤਾ ਅਤੇ ਆਧਾਰ ਕਾਰਡ (ਬੈਂਕ ਨਾਲ ਸੀਡਡ) ਰਾਹੀਂ ਕੀਤੀ ਜਾ ਸਕਦੀ ਹੈ।

ਡਾਇਰੈਕਟਰ ਸਮਾਜਿਕ ਨਿਆਂ ਅਧਿਅਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਅਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸੈਸ਼ਨ 2022-23 ਵਿੱਚ ਯੋਗ ਵਿਦਿਆਰਥੀਆਂ ਨੂੰ ਡਾ. ਅੰਬੇਦਕਰ ਪੋਰਟਲ ਤੇ ਹੀ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਯੋਗ ਵਿਦਿਆਰਥੀਆਂ ਨੂੰ ਕਿਸੇ ਹੋਰ ਸਕੀਮ ਵਿੱਚ ਅਪਲਾਈ ਨਾ ਕਰਵਾਇਆ ਜਾਵੇ।

ਉਪਰੋਕਤ ਵਿੱਚ ਜੇਕਰ ਕਿਸੇ ਵੀ ਕਾਰਨ ਵਜੀਫਾ ਰਿਜੈਕਟ ਹੁੰਦਾ ਹੈ ਤਾਂ ਕਲਾਸ ਇੰਚਾਰਜ ਅਤੇ ਵਜੀਫਾ ਨੋਡਲ ਅਫ਼ਸਰ ਦਾ ਨਾਮ ਉਚ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਲਈ ਭੇਜ ਦਿੱਤਾ ਜਾਵੇਗਾ।

04/05/22
ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ),
ਮਾਨਸਾ

ਪਿ. ਅੰ. ਨੰ. ਉ.ਸ/2022106056 ਮਿਤੀ 04.05.2022

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਅਜੀਤਗੜ੍ਹ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

04/05/22
ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ),
ਮਾਨਸਾ